**16ਵੀਂ ਵਿਧਾਨ ਸਭਾ**
**ਚੌਥਾ (ਬਜਟ)ਸਮਾਗਮ**

**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ: 5**

**ਸ਼ੁੱਕਰਵਾਰ, 10 ਮਾਰਚ, 2023**

(10.00 ਵਜੇ ਸਵੇਰ ਤੋਂ 1.30 ਬਾਅਦ ਦੁਪਹਿਰ ਤੱਕ)

1. **ਮਾਨਯੋਗ ਸਪੀਕਰ ਵੱਲੋਂ ਵਧਾਈ ਸੰਦੇਸ਼**

ਮਾਨਯੋਗ ਸਪੀਕਰ ਵੱਲੋਂ ਸਦਨ ਦੇ ਸਾਰੇ ਮੈਂਬਰਾਂ ਨੂੰ ਅੱਜ ਇਲੈਕਸ਼ਨ ਰਿਜ਼ਲਟ ਦਾ ਦਿਨ ਹੋਣ ਦੀ ਵਧਾਈ ਦਿੱਤੀ ਗਈ। ਉਨ੍ਹਾਂ ਕਾਮਨਾ ਕੀਤੀ ਕਿ ਜਿੰਨਾਂ ਆਸਾਂ ਨਾਲ ਪੰਜਾਬੀਆਂ ਨੇ ਸਾਰੇ ਮੈਂਬਰਾਂ ਨੂੰ ਇਥੇ ਪਹੁੰਚਾਇਆ ਹੈ, ਆਪਾਂ ਉਨ੍ਹਾਂ ਆਸਾਂ ਤੇ ਪੂਰੇ ਉਤਰੀਏ ਅਤੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਈਏ।

2. **ਪ੍ਰਸ਼ਨ**

(ੳ) **ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 9 | 2 | 1 | 8 | 17 |

**ਨਿਸ਼ਾਨ ਵਾਲੇ ਪ੍ਰਸ਼ਨ ਨੰ: 683 ਦੇ ਜਵਾਬ ਤੇ ਅਨੁਪੂਰਕਾਂ ਦੌਰਾਨ ਇਹ ਪ੍ਰਸ਼ਨ 22 ਮਾਰਚ, 2023 ਦੀ ਬੈਠਕ ਲਈ ਮੁਲਤਵੀ ਕੀਤਾ ਗਿਆ।**

(ਅ) **ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 20**

3. **ਮਾਨਯੋਗ ਸਪੀਕਰ ਵੱਲੋਂ ਪ੍ਰੇਖਣ**

ਮਾਨਯੋਗ ਸਪੀਕਰ ਵੱਲੋਂ ਸੰਸਦੀ ਮਾਮਲਿਆਂ ਮੰਤਰੀ ਨੂੰ ਹੇਠ ਲਿਖੇ ਅਨੁਸਾਰ ਪ੍ਰੇਖਣ ਕੀਤਾ ਗਿਆ-

ਜਿਹੜੇ ਮਾਨਯੋਗ ਮੰਤਰੀ ਕਿਸੇ ਕਾਰਣ ਕਰਕੇ ਪਹੁੰਚ ਨਹੀਂ ਸਕਦੇ, ਕਿਉਂਕਿ ਬਿਮਾਰ ਤਾਂ ਕੋਈ ਵੀ ਹੋ ਸਕਦਾ ਹੈ, ਕੋਈ ਗੱਲ ਨਹੀਂ। ਲੇਕਿਨ ਜਿਹੜੇ ਉਨ੍ਹਾਂ ਦੇ ਕੁਐਸ਼ਚਨ ਹਨ, ਉਨ੍ਹਾਂ ਦੇ ਜਵਾਬ ਦੇਣ ਲਈ ਕਿਸੇ ਹੋਰ ਮੰਤਰੀ ਨੂੰ ਅਧਿਕਾਰ ਦਿੱਤੇ ਜਾ ਸਕਦੇ ਹਨ। ਇਸ ਵੱਲ ਧਿਆਨ ਦਿਓ।

4. **ਸਾਲ 2023-2024 ਲਈ ਬਜਟ ਅਨੁਮਾਨ ਪੇਸ਼ ਕਰਨਾ**

ਵਿੱਤ ਮੰਤਰੀ ਨੇ ਸਾਲ 2023-2024 ਲਈ ਬਜਟ ਅਨੁਮਾਨ ਪੇਸ਼ ਕੀਤਾ ਅਤੇ ਅਜਿਹਾ ਕਰਦੇ ਹੋਏ ਉਹ 02 ਘੰਟੇ 24 ਮਿੰਟ ਲਈ ਬੋਲੇ।

5. **ਵਾਕ-ਆਊਟ**

ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਹਾਜ਼ਰ ਮੈਂਬਰ, ਵਿੱਤ ਮੰਤਰੀ ਵੱਲੋਂ ਬਜਟ ਅਨੁਮਾਨ ਪੇਸ਼ ਕਰਦੇ ਸਮੇਂ ਪੁਆਇੰਟ ਆਫ਼ ਆਰਡਰ ਨਾ ਦਿੱਤੇ ਜਾਣ ਦੇ ਰੋਸ ਵਜੋਂ, ਸਦਨ ਵਿੱਚੋਂ ਵਾਕ-ਆਊਟ ਕਰ ਗਏ।

ਇਸ ਉਪਰੰਤ, ਸਦਨ ਸ਼ਨਿੱਚਰਵਾਰ ਮਿਤੀ 11 ਮਾਰਚ, 2023 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ** **ਸੁਰਿੰਦਰ ਪਾਲ,**
**10 ਮਾਰਚ, 2023** **ਸਕੱਤਰ।**

13/3/23
Principal Chief Reporter
Punjab Vidhan Sabha
Chandigrah